# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਬਾਰ੍ਹਵੀਂ ਪ੍ਰੀਖਿਆ ਅਪ੍ਰੈਲ 2022 ਦੇ ਰੈਗੂਲਰ ਅਤੇ ਓਪਨ ਸਕੂਲ ਪ੍ਰੀਖਿਆਰਥੀਆਂ ਦੇ ਸਰਟੀਫਿਕੇਟ/ਨਤੀਜਾ ਕਾਰਡ ਮਿਤੀ: 18-07-2022 ਨੂੰ ਜਿਲ੍ਹਾ ਪੱਧਰ ਤੇ ਸਥਿਤ ਬੋਰਡ ਦੇ ਖੇਤਰੀ ਦਫਤਰਾਂ ਵਿੱਚ ਭੇਜੇ ਜਾ ਰਹੇ ਹਨ। ਸਬੰਧਤ ਸਕੂਲਾਂ ਦੇ ਮੁੱਖੀ/ਨੁਮਾਇੰਦੇ ਆਪਣੇ ਸਕੂਲ ਦੇ ਸਰਟੀਫਿਕੇਟ/ਨਤੀਜਾ ਕਾਰਡ ਆਪਣੇ ਜਿਲ੍ਹੇ ਵਿੱਚਿ ਸਥਿਤ ਖੇਤਰੀ ਦਫਤਰਾਂ ਤੋਂ ਮਿਤੀ: 19-07-2022 ਤੋਂ ਪ੍ਰਾਪਤ ਕਰ ਸਕਦੇ ਹਨ।

ਇਸ ਦੇ ਨਾਲ ਹੀ ਜਿਲ੍ਹਾ ਮਲੇਰਕੋਟਲਾ ਦੇ ਸਕੂਲ ਪ੍ਰੀਖਿਆਰਥੀਆਂ ਦੇ ਸਰਟੀਫਿਕੇਟ/ਨਤੀਜਾ ਕਾਰਡ ਖੇਤਰੀ ਦਫਤਰ ਸੰਗਰੂਰ ਤੋਂ, ਜਿਲ੍ਹਾ ਫ਼ਾਜ਼ਿਲਕਾ ਦੇ ਸਕੂਲ ਪ੍ਰੀਖਿਆਰਥੀਆਂ ਦੇ ਸਰਟੀਫਿਕੇਟ/ਨਤੀਜਾ ਕਾਰਡ ਖੇਤਰੀ ਦਫਤਰ ਅਬੋਹਰ ਤੋਂ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਸਕੂਲ ਪ੍ਰੀਖਿਆਰਥੀਆਂ ਦੇ ਸਰਟੀਫਿਕੇਟ/ਨਤੀਜਾ ਕਾਰਡ ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪ੍ਰਾਪਤ ਕਰਨਗੇ।

ਫੀਸ ਡਿਫਾਲਟਰ, ਪ੍ਰਗਤੀ ਰਿਪੋਰਟ ਪ੍ਰਾਪਤ ਨਾ ਹੋਣ ਕਾਰਨ, ਵਾਧੂ ਸੈਕਸ਼ਨ/ਵਾਧੂ ਪ੍ਰੀਖਿਆਰਥੀਆਂ ਦੀ ਫੀਸ ਜਮ੍ਹਾਂ ਨਾ ਕਰਵਾਉਣ ਕਰਕੇ ਰੋਕੇ ਗਏ ਸਰਟੀਫਿਕੇਟ ਵਾਲੇ ਸਕੂਲਾਂ ਦੀ ਸੂਚੀ ਸਬੰਧਤ ਸਕੂਲਾਂ ਦੀ ਲਾਗਇੰਨ ਆਈ.ਡੀ ਤੇ ਉਪਲੱਬਧ ਹੈ।

15.07.2022

(ਜੇ.ਆਰ.ਮਹਿਰੋਕ)
ਕੰਟਰੋਲਰ(ਪ੍ਰੀਖਿਆਵਾਂ)